# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

(ਦਫਤਰ ਵਧੀਕ ਨਿਗਰਾਨ ਇੰਜਨੀਅਰ ਵੰਡ ਮੰਡਲ ਪੱਟੀ)

**E-Mail : xen_ds_patti@yahoo.com**

## ਟੈਂਡਰ ਨੋਟਿਸ

ਸਹਾਇਕ ਕਾਰਜਕਾਰੀ ਇੰਜਨੀਅਰ ਵੰਡ ਉਪ ਮੰਡਲ ਸਬਅਰਬਨ ਪੱਟੀ ਦੇ ਦਫਤਰ ਲਈ ਆਊਟਸੋਰਸ ਰਾਹੀਂ ਗੱਡੀ ਕਿਰਾਏ ਤੇ ਲੈਣ ਹਿੱਤ ਸੀਲਡ ਲਿਮਟਿਡ ਟੈਂਡਰਾਂ ਦੀ ਮੰਗ ਸਬੰਧੀ ।

| ਲੜੀ ਨੰ | ਗੱਡੀ ਦਾ ਵੇਰਵਾ |
|---|---|
| 1 | ਸਹਾਇਕ ਕਾਰਜਕਾਰੀ ਇੰਜਨੀਅਰ ਵੰਡ ਉਪ ਮੰਡਲ ਸਬਅਰਬਨ ਪੱਟੀ ਦੇ ਦਫਤਰ ਲਈ ਆਊਟਸੋਰਸ ਰਾਹੀ ਕਿਰਾਏ ਤੇ ਲੈਣ ਲਈ 1 ਨੰ. Double Cabin Mahindra Genius/Bolero/Tata 207/408 or Equivalent Light Commercial . ਗੱਡੀ ਸਮੇਤ ਡਰਾਇਵਰ (ਰੈਂਟਲ ਡਰਾਇਵਰ), ਸਮੇਤ ਗੱਡੀ ਦੀ ਸਾਂਭ-ਸੰਭਾਲ ਦਾ ਖਰਚਾ ਤੁਹਾਡੇ ਵੱਲੋਂ ਅਦਾ ਕੀਤਾ ਜਾਵੇਗਾ। ਜੀ.ਐਸ.ਟੀ. (ਜੋ ਕਿ ਜੀ.ਐਸ.ਟੀ ਸਰਕੂਲਰ ਨੰ: 01/2020 ਮਿਤੀ 10.06.2020 ਅਤੇ ਸਮੇਂ-ਸਮੇਂ ਤੇ ਜਾਰੀ ਪੀ.ਐਸ.ਪੀ.ਸੀ.ਐਲ. ਦੀਆਂ ਹਦਾਇਤਾਂ ਅਨੁਸਾਰ ਦੇਣ ਯੋਗ ਹੋਵੇਗਾ), ਤੁਹਾਡੇ ਜਾ ਪੀ.ਐਸ.ਪੀ.ਸੀ.ਐਲ ਵੱਲੋਂ ਅਦਾ ਕੀਤਾ ਜਾਵੇਗਾ। ਹਰ ਮਹੀਨੇ ਪਹਿਲੇ 2000 ਕਿ.ਮੀ. ਜਰਨੀ ਦੇ ਫਿਕਸ ਰੇਟ ਅਤੇ ਉਸ ਤੋ ਜਿਆਦਾ ਕਿ.ਮੀ. ਹੋਣ ਤੇ ਪ੍ਰਤੀ ਕਿ.ਮੀ. ਦੇ ਹਿਸਾਬ ਨਾਲ ਰੇਟ ਦਿੱਤਾ ਜਾਵੇ। ਗੱਡੀ ਦਾ ਮਾਡਲ ਮਈ 2019 ਤੋਂ ਪੁਰਾਣਾ ਨਹੀ ਹੋਣਾ ਚਾਹੀਦਾ। |

1) ਇੰਕੁਆਰੀ ਨੰ. 01/2021-22 /Elect/ PSPCL/ **Addl SE/OP, Division Patti** dated 11.05.2021

| | | |
|---|---|---|
| 2) ਟੈਂਡਰ ਸਪੇਸੀਫਿਕੇਸ਼ਨ ਦੀ ਕੀਮਤ | :- | 1180/- ( ਸਿਰਫ ਗਿਆਰਾ ਸੋ ਅੱਸੀ ਰੁਪੇ ) |
| 3) ਟੈਂਡਰ ਸਪੇਸੀਫਿਕੇਸ਼ਨ ਜਾਰੀ ਕਰਨ ਦੀ ਮਿਤੀ ਅਤੇ ਸਮਾਂ | :- | 13.05.2021 ਸਮਾਂ 11:00 AM ਵਜੇ |
| 4) ਟੈਂਡਰ ਪ੍ਰਾਪਤ ਕਰਨ ਦੀ ਰਸੀਦ | : | 28.05.2021 ਸਵੇਰੇ 12:00 PM ਵਜੇ ਤੱਕ |
| 5) ਟੈਂਡਰ ਖੋਲਣ ਦੀ ਮਿਤੀ | : | 01.06.2021 ਸਮਾਂ 02:30 PM ਵਜੇ (ਪੱਟੀ ਮੰਡਲ ਦੇ ਦਫਤਰ ਵਿਚ) |

ਨੋਟ :- ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਕਾਰਨ ਟੈਂਡਰ ਪ੍ਰੀਕ੍ਰਿਆ ਪੂਰੀ ਨਹੀ ਹੁੰਦੀ ਤਾਂ ਉਸ ਕੇਸ ਵਿਚ ਅਖਬਾਰਾਂ ਵਿਚ ਸੋਧ ਪ੍ਰਕਾਸਿਤ ਨਹੀ ਕਰਵਾਈ ਜਾਵੇਗੀ। ਹੋਰ ਸੋਧ ਵੀ ਅਖਬਾਰ ਵਿੱਚ ਪ੍ਰਕਾਸਿਤ ਨਹੀਂ ਕੀਤੀ ਜਾਵੇਗੀ। ਸੋਧ ਸਬੰਧੀ ਵੇਰਵੇ ਪੀ.ਐਸ.ਪੀ.ਸੀ.ਐਲ. ਦੀ ਵੈਬਸਾਈਟ WWW.pspcl.in ਤੇ ਵੇਖੇ ਜਾਣ।

11/05/2021

**ਵਧੀਕ ਨਿਗਰਾਨ ਇੰਜੀਨੀਅਰ,**
**ਵੰਡ ਮੰਡਲ ਪੱਟੀ।**

Scanned with CamScanner

**Punjab State Power Corporation Limited**
**Office: Addl SE Op. Division Patti**
**E-Mail : xen_ds_patti@yahoo.com**

## NOTICE INVITING TENDERS

Sealed Tenders are invited from Transporters/ Tour Operators for hiring vehicles (through outsourcing) for office of AEE. Suburban Patti Sub Division of following details:-

| Sr. no. | Description of Vehicle |
|---|---|
| 1. | Hiring of 1 no. Double Cabin Mahindra Genius/Bolero/Tata 207/408 or Equivalent Light Commercial Vehicle through outsourcing with driver (rental driver) including Maintenance of vehicle will be borne by you. GST liability (as applicable as per GST Circular No. 01/2020 dtd 10.06.2020 & Other prevalent instructions of PSPCL issued from time to time) will be borne by you or PSPCL. Rates should be quoted as fixed running charges of first 2000 KM of journey per month and as Rs./KM in case it exceeds the above limit as per specifications for office of AEE Suburban Sub Division PSPCL, Patti (The vehicle model should not be lower than May 2019.) |

1. Enquiry No. 01/2021-22 /Elect/ PSPCL **/Addl SE Op. Division, PSPCL, Patti** dated 11.05.2021
2. Cost of Tender Specifications: Rs. 1180/- (Rs. One Thousand one Hundered Eighty Only)
3. Issue of Tender Specifications : 13-05-2021 up to 11.00 AM
4. Receipt of Tenders : 28-05-2021 up to 12.00 PM
5. Opening of Tenders : 01-06-2021 at 02.30 PM (At Division Patti)

**Note :-** It is informed that in case tender process is not completed due to any reason, no corrigendum will be published in newspapers. Any other corrigendum will not be published in newspaper. Details regarding corrigendum may be seen on official, PSPCL Website. www.pspcl.in.

11/05/2021

**Addl SE /Op.**
**Division Patti**

Scanned with CamScanner

**PUNJAB STATE POWER CORPORATION LIMITED**
(Regd. Office: PSEB, Head Office, The Mall, Patiala)
**Office: Addl.SE/DS Division Patti**

**ਵਿਸ਼ਾ:** ਵੰਡ ਉਪ ਮੰਡਲ **ਸਬਅਰਬਨ ਪੱਟੀ** ਅਧੀਨ ਵੰਡ ਮੰਡਲ **ਪੱਟੀ ਦੇ ਦਫਤਰ ਲਈ** Double Cabin Mahindra Genius/Bolero/Tata 207/408 or Equivalent Light Commercial Vehicle **ਆਊਟਸੋਰਸ਼ ਰਾਹੀ ਕਿਰਾਏ ਤੇ ਲੈਣ ਲਈ ਪ੍ਰਸਤਾਵ ਨਾਲ ਸਬੰਧਤ ਸ਼ਰਤਾਂ।** (Tender No. 01/2021-22)

ਵੰਡ ਉਪ ਮੰਡਲ **ਸਬਅਰਬਨ ਪੱਟੀ** ਅਧੀਨ ਵੰਡ ਮੰਡਲ **ਪੱਟੀ ਦੇ ਦਫਤਰ ਲਈ** ਆਊਟਸੋਰਸ਼ ਰਾਹੀ ਇਕ ਸਾਲ ਵਾਸਤੇ Double Cabin Mahindra Genius/Bolero/Tata 207/408 or Equivalent Light Commercial ਆਦਿ ਗੱਡੀ ਕਿਰਾਏ ਤੇ ਲੈਣੀ ਹੈ। ਇਸ ਲਈ ਤੁਸੀਂ ਕਿਰਾਏ ਦੇ ਘੱਟੋ ਘੱਟ ਰੇਟ ਸਬੰਧੀ ਇਸ ਦਫਤਰ ਨੂੰ ਸੂਚਿਤ ਕਰੋ। ਟੈਂਡਰ ਦੋ ਅਲੱਗ-ਅਲੱਗ ਲਿਫਾਫਿਆਂ ਵਿੱਚ ਭੇਜਿਆ ਜਾਵੇ। ਇੱਕ ਲਿਫਾਫੇ ਵਿਚ ਮੁੱਖ ਟੈਂਡਰ (ਪਰਾਈਸ ਬਿਡ) ਅਤੇ ਦੂਜੇ ਲਿਫਾਫੇ ਵਿਚ ਪੇਸਗੀ ਰਕਮ.ਇਸ ਦਫਤਰ ਵਿਖੇ ਮਿਤੀ 28/05/2021 ਨੂੰ ਸਵੇਰੇ 12:00 ਵਜੇ ਤੱਕ ਪਹੁੰਚ ਜਾਣੀਆਂ ਚਾਹੀਦੀਆਂ ਹਨ। ਜੋ ਕਿ ਮਿਤੀ 01-06-2021 ਨੂੰ ਦੁਪਹਿਰ 02:30 ਵਜੇ ਨਿਮਨਹਸਤਾਖਰ ਵੱਲੋਂ ਖੋਲੀਆਂ ਜਾਣਗੀਆਂ। ਲਿਫਾਫਿਆਂ ਉਪਰ ਪੇਸਗੀ ਰਕਮ ਅਤੇ ਪਰਾਈਸ ਬਿਡ ਅਲੱਗ-ਅਲੱਗ ਲਿਖਿਆ ਜਾਵੇ। ਪੇਸ਼ਗੀ ਰਕਮ ਵਾਲਾ ਲਿਫਾਫਾ ਪਹਿਲਾਂ ਖੋਲਿਆਂ ਜਾਵੇਗਾ ਅਤੇ ਉਸਦੇ ਠੀਕ ਹੋਣ ਦੀ ਸੂਰਤ ਵਿਚ ਹੀ ਪਰਾਈਜ ਬਿਡ ਖੋਲੀ ਜਾਵੇਗੀ। ਪੇਸ਼ਗੀ ਰਕਮ/ਜਮਾਨਤੀ ਰਕਮ ਪ੍ਰਾਪਤ ਨਾ ਹੋਣ ਦੀ ਸੂਰਤ ਵਿਚ, ਟੈਂਡਰ/ਕੁਟੈਸ਼ਨ ਪ੍ਰਵਾਨ ਨਹੀ ਕੀਤੀ ਜਾਵੇਗੀ। ਕੁਟੈਸ਼ਨ ਖੋਲਣ ਸਮੇਂ ਤੁਸੀ ਜਾਂ ਤੁਹਾਡਾ ਪ੍ਰਤੀਨਿਧੀ ਹਾਜਰ ਹੋ ਸਕਦਾ ਹੈ। ਵਧੀਆ ਲਿਫਾਫੇ ਉਪਰ ਸੁੰਦਰ ਲਿਖਾਈ ਨਾਲ ਟੈਂਡਰ ਦਾ ਨਾਂ, ਟੈਂਡਰ ਸਪੈਸੀਫਿਕੇਸ਼ਨ ਨੰ: ਅਤੇ ਟੈਂਡਰ ਖੁੱਲਣ ਦੀ ਤਾਰੀਖ ਵੀ ਲਿਖੀ ਹੋਵੇ।

**ੳ) ਗੱਡੀ ਨਾਲ ਸਬੰਧਤ ਸ਼ਰਤਾਂ:-**

1. ਗੱਡੀ ਦਾ ਮਾਡਲ ਮਈ 2019 ਤੋ ਵੱਧ ਪੁਰਾਣਾ ਨਹੀ ਹੋਣਾ ਚਾਹੀਦਾ। ਵਰਕ ਆਰਡਰ ਪਹਿਲਾਂ ਇੱਕ ਸਾਲ ਲਈ ਹੋਵੇਗਾ ਅਤੇ ਇਹ ਵਰਕ ਆਰਡਰ ਸਲਾਨਾ ਤੌਰ ਤੇ ਇੱਕ ਸਾਲ ਲਈ ਗੱਡੀ/ ਠੇਕੇਦਾਰ ਦੀ ਕਾਰਜਗੁਜਾਰੀ ਅਤੇ ਮਾਰਕਿਟ ਰੇਟਾਂ, ਗੱਡੀ ਦੀ ਕਿਸਮ/ ਉਮਰ ਨੂੰ ਧਿਆਨ ਵਿੱਚ ਰੱਖਦੇ ਹੋਏ ਵਧਾਇਆ ਜਾ ਸਕਦਾ ਹੈ। ਗੱਡੀ ਦੇ ਵਰਕ ਆਰਡਰ ਵਿਚ ਵਾਧਾ ਦੋਹੇ ਦਿਰਾਂ ਦੀ ਸਹਿਮਤੀ ਨਾਲ ਕੀਤਾ ਜਾਵੇਗਾ। ਪੀ.ਐਸ.ਪੀ.ਸੀ.ਐਲ ਕਿਸੇ ਵੀ ਸਮੇਂ 7 ਦਿਨਾਂ ਦਾ ਨੋਟਿਸ ਦੇ ਕੇ ਵਰਕ ਆਰਡਰ ਰੱਦ ਕਰ ਸਕਦਾ ਹੈ ਅਤੇ ਪੀ.ਐਸ.ਪੀ.ਸੀ.ਐਲ ਦਾ ਫੈਸਲਾ ਅੰਤਿਮ ਹੋਵੇਗਾ ਅਤੇ ਸਰਵਿਸ ਦੇਣ ਵਾਲੇ ਨੂੰ ਫੈਸਲਾ ਮੰਨਣਯੋਗ ਹੋਵੇਗਾ।
2. ਕੇਵਲ ਵਪਾਰਕ ਗੱਡੀ ਪੀਲੀ ਨੰ: ਪਲੇਟ ਵਾਲੀ ਸਮੇਤ ਰਜਿਸਟ੍ਰੇਸ਼ਨ ਸਰਟੀਫਿਕੇਟ ਹੀ ਕਿਰਾਏ ਤੇ ਲਈ ਜਾਵੇਗੀ। ਕੋਈ ਵੀ ਕਾਰਪੋਰੇਸ਼ਨ ਨਾਲ ਜੁੜਿਆ ਕਰਮਚਾਰੀ ਜਾਂ ਉਸ ਦੇ ਪਰਿਵਾਰਿਕ ਮੈਂਬਰ ਟੈਂਡਰ ਅਪਲਾਈ ਨਹੀਂ ਕਰ ਸਕਦੇ ਹਨ।
3. ਗੱਡੀ ਕਾਰਪੋਰੇਸ਼ਨ ਦੇ ਪੰਜਾਬ, ਚੰਡੀਗੜ ਅਤੇ ਹੋਰ ਰਾਜਾਂ ਵਿਖੇ ਸਥਿਤ ਦਫਤਰਾਂ ਲਈ ਵੀ ਵਰਤੀ ਜਾਵੇਗੀ। ਗੱਡੀ ਦੀ ਵਰਤੋ ਹਾਲਾਤਾਂ ਮੁਤਾਬਿਕ 24 ਘੰਟੇ ਕੀਤੀ ਜਾਵੇਗੀ ਅਤੇ ਇਸ ਦੀ ਕੋਈ ਵਾਧੂ ਅਦਾਇਗੀ ਨਹੀ ਕੀਤੀ ਜਾਵੇਗੀ। ਕੋਈ ਨਾਈਟ ਚਾਰਜਜ ਅਦਾ ਨਹੀ ਕੀਤੇ ਜਾਣਗੇ।
4. ਕਾਰਪੋਰੇਸ਼ਨ ਨਾਲ ਕੀਤੇ ਜਾਣ ਵਾਲੇ ਵਰਕ ਆਰਡਰ ਸਮੇਂ ਦੌਰਾਨ ਗੱਡੀ ਦਾ ਵਿਆਪਕ ਤੌਰ ਤੇ ਫੁੱਲ/ਮੁਕੰਮਲ ਬੀਮਾ ਕਰਵਾਇਆ ਹੋਣਾ ਚਾਹੀਦਾ ਹੈ। ਇੰਨਸ਼ੋਰੈਂਸ ਪ੍ਰੀਮੀਅਮ ਠੇਕੇਦਾਰ/ ਸਰਵਿਸ ਦੇਣ ਵਾਲੇ ਵੱਲੋਂ ਅਦਾ ਕੀਤਾ ਜਾਵੇਗਾ। ਜੇਕਰ ਕਿਸੇ ਸਮੇਂ ਕੋਈ ਵੀ ਇੰਸ਼ੋਰੈਂਸ ਕਲੇਮ ਪਾਇਆ ਜਾਵੇਗਾ, ਉਹ ਠੇਕੇਦਾਰ/ ਸਰਵਿਸ ਦੇਣ ਵਾਲੇ ਦੁਆਰਾ ਅਦਾਇਗੀ ਯੋਗ ਹੋਵੇਗਾ।
5. ਗੱਡੀ ਦਾ ਸਮਾਬੱਧ ਬਣਦਾ ਰੋਡ ਟੈਕਸ ਠੇਕੇਦਾਰ/ਸਰਵਿਸ ਦੇਣ ਵਾਲੇ ਦੁਆਰਾ ਭਰਿਆ ਜਾਵੇਗਾ ਅਤੇ ਇਸ ਨੂੰ ਸਮੇਂ ਅਨੁਸਾਰ ਠੇਕੇਦਾਰ/ ਸਰਵਿਸ ਦੇਣ ਵਾਲੇ ਦੁਆਰਾ ਮੁਕੰਮਲ ਰੱਖਿਆ ਜਾਵੇਗਾ।
6. ਠੇਕੇਦਾਰ/ਸਰਵਿਸ ਦੇਣ ਵਾਲੇ ਕੋਲ ਗੱਡੀ ਦਾ ਮਾਨਤਾ ਪ੍ਰਾਪਤ ਪ੍ਰਦੂਸ਼ਣ ਸਰਟੀਫਿਕੇਟ ਹੋਣਾ ਚਾਹੀਦਾ ਹੈ, ਜੋ ਕਿ ਕਾਰਪੋਰੇਸ਼ਨ ਵੱਲੋਂ ਮੰਗ ਕੀਤੇ ਜਾਣ ਤੇ ਡਰਾਈਵਰ ਵੱਲੋਂ ਦਿਖਾਇਆ ਜਾ ਸਕੇ।
7. ਠੇਕੇਦਾਰ/ ਸਰਵਿਸ ਦੇਣ ਵਾਲੇ ਕੋਲ ਆਪਣੇ ਪੱਧਰ ਤੇ ਗੱਡੀ ਸਬੰਧੀ ਫਿਟਨੈਸ ਸਰਟੀਫਿਕੇਟ ਅਤੇ ਗੱਡੀ ਦੀ ਰਜਿਸਟ੍ਰੇਸ਼ਨ ਸਬੰਧੀ ਮੁਕੰਮਲ ਦਸਤਾਵੇਜ ਮੌਜੂਦ ਹੋਣੇ ਚਾਹੀਦੇ ਹਨ।
8. ਗੱਡੀ ਦੇ ਹੋਰ ਖਰਚੇ ਜਿਵੇਂ ਤੇਲ, ਮੋਬਿਲ-ਆਇਲ, ਸਰਵਿਸ ਚਾਰਜਿਸ, ਹੋਰ ਟੁੱਟ-ਭੱਜ, ਰੱਖ-ਰਖਾਓ ਆਦਿ ਦੇ ਖਰਚਿਆਂ ਸਬੰਧੀ ਠੇਕੇਦਾਰ/ ਸਰਵਿਸ ਦੇਣ ਵਾਲਾ ਆਪ ਜਿੰਮੇਵਾਰ ਹੋਵੇਗਾ ਅਤੇ ਗੱਡੀ ਨੂੰ ਹਰ ਸਮੇਂ ਚੰਗੀ ਹਾਲਤ ਵਿੱਚ ਚੱਲਣਯੋਗ ਰੱਖੇਗਾ। ਕਿਸੇ ਵੀ ਕਿਸਮ ਦੇ ਗੱਡੀ ਦੀ ਟੁੱਟ-ਭੱਜ/ ਨੁਕਸਾਨ ਦੀ ਸੂਰਤ ਵਿੱਚ ਠੇਕੇਦਾਰ/ ਸਰਵਿਸ ਦੇਣ ਵਾਲੇ ਵੱਲੋਂ ਹੋਰ ਚੰਗੀ ਹਾਲਤ ਵਾਲੀ ਗੱਡੀ ਮੁਹੱਈਆਂ ਕਰਵਾਈ ਜਾਵੇਗੀ।
9. ਇਸ ਦੇ ਨਾਲ ਇਸ ਗੱਡੀ ਦੇ ਹੋਰ ਖਰਚੇ ਜਿਵੇਂ ਕਿ ਰਜਿਸਟ੍ਰੇਸ਼ਣ, ਬੀਮਾਂ, ਸਰਵਿਸ/ ਰਿਪੇਅਰ, ਰੋਡ ਟੈਕਸ, ਡਰਾਈਵਰ ਦੀ ਤਨਖਾਹ/ ਭੱਤੇ ਅਤੇ ਹੋਰ ਖਰਚਿਆਂ ਸਬੰਧੀ ਠੇਕੇਦਾਰ/ ਸਰਵਿਸ ਦੇਣ ਵਾਲਾ ਆਪ ਜਿੰਮੇਵਾਰ ਹੋਵੇਗਾ।



Scanned with CamScanner

10. ਹੋਰ ਕਿਸੇ ਕਿਸਮ ਦੇ ਠਹਿਰਣ (ਹਾਲਟ) ਦੇ ਖਰਚੇ, ਚਲਾਨ ਸਮੇਤ ਜੁਰਮਾਨਾ, ਡੈਮੇਜ, ਕੋਰਟ ਕੇਸ, ਪੁਲਿਸ ਕੇਸ ਆਦਿ ਸਬੰਧੀ ਜ਼ੁੰਮੇਵਾਰੀ ਠੇਕੇਦਾਰ/ ਸਰਵਿਸ ਦੇਣ ਵਾਲੇ ਦੀ ਹੋਵੇਗੀ ਅਤੇ ਕਾਪਰੋਰੇਸ਼ਨ ਦੀ ਇਸ ਵਿੱਚ ਕਿਸੇ ਵੀ ਕਿਸਮ ਦੀ ਕੋਈ ਹਿੱਸੇਦਾਰੀ ਨਹੀਂ ਹੋਵੇਗੀ।

11. ਠੇਕੇਦਾਰ/ ਸਰਵਿਸ ਦੇਣ ਵਾਲੇ ਕੋਲ ਗੱਡੀ ਸਬੰਧੀ "ਸਾਰੇ ਪੰਜਾਬ ਦਾ ਪਰਮਿਟ" ਹੋਣਾ ਚਾਹੀਦਾ ਹੈ।

12. ਟੋਲ ਟੈਕਸ/ ਪਾਰਕਿੰਗ ਚਾਰਜਿਸ ਆਦਿ ਜੇਕਰ ਲੱਗੇਗਾ ਤਾਂ ਬਿੱਲਾਂ ਦੇ ਨਾਲ ਅਸਲ ਰਸੀਦ ਪੇਸ਼ ਕਰਨ ਤੇ ਕਾਰਪੋਰੇਸਨ ਵਲੋਂ ਅਦਾ ਕੀਤਾ ਜਾਵੇਗਾ।

13. ਤੀਸਰੀ ਪਾਰਟੀ ਸਮੇਤ ਕੁੱਲ ਦੇਣਦਾਰੀ/ ਜਵਾਬਦੇਹੀ ਜੇਕਰ ਹੋਵੇ ਜਾਂ ਕਿਸੇ ਕਿਸਮ ਦੇ ਗੱਡੀ ਦੇ ਦੁਰਘਟਨਾ/ ਐਕਸੀਡੈਂਟ ਜਾਂ ਕਿਸੇ ਕਿਸਮ ਦੇ ਐਕਟ ਦੀ ਲਾਪਰਵਾਹੀ ਸਬੰਧੀ ਜਿੰਮੇਵਾਰੀ ਠੇਕੇਦਾਰ/ ਸਰਵਿਸ ਦੇਣ ਵਾਲੇ ਦੀ ਹੋਵੇਗੀ, ਕਾਪਰੋਰੇਸ਼ਨ ਸਿੱਧੇ/ ਅਸਿੱਧੇ ਤੌਰ ਤੇ ਜਿੰਮੇਵਾਰ ਨਹੀਂ ਹੋਵੇਗਾ।

14. ਸਫਰ ਦੌਰਾਨ ਪਾਏ ਜਾਣ ਵਾਲੇ ਕਿਸੇ ਕਿਸਮ ਦੇ ਛੋਟੇ ਰਿਪੇਅਰ ਨੂੰ ਅਟੈਂਡ ਕਰਨ ਲਈ ਠੇਕੇਦਾਰ/ ਸਰਵਿਸ ਦੇਣ ਵਾਲਾ ਲੋੜੀਂਦਾ ਸਪੇਅਰ ਟਾਇਰ, ਟੂਲਜ, ਸਪੇਅਰਜ ਅਤੇ ਵਰਤੋਂ ਵਿੱਚ ਲਿਆਂਦੀਆਂ ਜਾਣ ਵਾਲੀਆਂ ਹੋਰ ਆਈਟਮਾਂ ਮੁੱਹਈਆਂ ਕਰਵਾਏਗਾ ਅਤੇ ਰਿਪੇਅਰ ਲਈ ਜਿੰਮੇਵਾਰ ਹੋਵੇਗਾ।

15. ਠੇਕੇਦਾਰ/ ਸਰਵਿਸ ਦੇਣ ਵਾਲਾ ਇਹ ਯਕੀਨੀ ਬਣਾਏਗਾ ਕਿ ਡਰਾਈਵਰ ਕੋਲ ਵੈਲਿਡ ਡਰਾਇਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।ਸਮੇਂ-ਸਮੇਂ ਅਨੁਸਾਰ ਦੇ ਲਾਈਸੈਂਸ ਦੀ ਵੈਲੀਡਿਟੀ ਅਤੇ ਡਰਾਈਵਰ ਦੀ ਫਿਟਨੈਸ ਸਬੰਧੀ ਨਿਗਰਾਨੀ ਠੇਕੇਦਾਰ/ ਸਰਵਿਸ ਦੇਣ ਵਾਲੇ ਦੀ ਹੋਵੇਗੀ।

16. ਡਰਾਈਵਰ ਨਿਯਮਿਤ, ਸਭਿੱਅਤਾਪੂਰਨ ਅਤੇ ਕਿਸੇ ਕਿਸਮ ਦੇ ਡੱਰਗ ਜਾਂ ਜਹਿਰੀਲੇ ਮਾਦਕ ਪਦਾਰਥ/ ਸ਼ਰਾਬ ਦਾ ਆਦੀ ਨਹੀਂ ਹੋਣਾ ਚਾਹੀਦਾ ਹੈ। ਠੇਕੇਦਾਰ/ ਸਰਵਿਸ ਦੇਣ ਵਾਲਾ ਡਰਾਈਵਾਰ ਦੇ ਵਿਵਹਾਰ ਸਬੰਧੀ ਜਿੰਮੇਵਾਰ ਹੋਵੇਗਾ। ਜੇਕਰ ਕਿਸੇ ਕਿਸਮ ਦੀ ਕੋਈ ਸ਼ਿਕਾਇਤ ਧਿਆਨ ਵਿੱਚ ਪਾਈ ਜਾਂਦੀ ਹੈ ਤਾਂ ਠੇਕੇਦਾਰ/ ਸਰਵਿਸ ਦੇਣ ਵਾਲੇ ਵੱਲੋਂ ਤੁਰੰਤ ਡਰਾਈਵਰ ਬਦਲੀ ਕੀਤਾ ਜਾਵੇਗਾ।

17. ਜੇਕਰ ਡਰਾਈਵਰ ਛੁੱਟੀ ਤੇ ਜਾਂ ਕਿਸੇ ਬਿਮਾਰੀ ਕਾਰਨ ਜਾਂ ਕਿਸੇ ਹੋਰ ਕਾਰਣਾਂ ਕਰਕੇ ਮੌਜੂਦ ਨਾ ਹੋਵੇ ਤਦ ਠੇਕੇਦਾਰ/ ਸਰਵਿਸ ਦੇਣ ਵਾਲੇ ਦੀ ਬਦਲਵਾ ਡਰਾਈਵਰ ਮੁੱਹਈਆ ਕਰਵਾਉਣ ਦੀ ਜਿੰਮੇਵਾਰੀ ਹੋਵੇਗੀ।

18. ਮਹੀਨੇ ਦੌਰਾਨ ਵੱਧ ਤੋਂ ਵੱਧ 1 ਦਿਨ ਦੀ ਛੁੱਟੀ ਸਮਰੱਥ ਅਧਿਕਾਰੀ ਦੀ ਮੰਨਜੂਰੀ ਨਾਲ ਮਿਲੇਗੀ ਜਿਸ ਵਿੱਚ ਗੱਡੀ ਦੀ ਸਰਵਿਸ ਅਤੇ ਰੱਖ-ਰਖਾਓ ਜਾਂ ਰਿਪੇਅਰ ਕਰਵਾਈ ਜਾ ਸਕਦੀ ਹੈ, ਜਿਸ ਲਈ ਕਿਸੇ ਕਿਸਮ ਦੀ ਕਟੌਤੀ ਨਹੀਂ ਹੋਵੇਗੀ। ਸ਼ਨੀਵਾਰ/ ਐਤਵਾਰ ਜਾਂ ਜਨਤਕ ਛੁੱਟੀ ਵਾਲੇ ਦਿਨ ਗੱਡੀ ਦੀ ਸਰਵਿਸ ਜਾਂ ਰਿਪੇਅਰ ਆਦਿ ਸਬੰਧਤ ਅਫਸਰ ਦੇ ਧਿਆਨ ਵਿੱਚ ਲਿਆ ਕੇ ਕਰਵਾਈ ਜਾ ਸਕਦੀ ਹੈ। ਜੇਕਰ ਕਿਸੇ ਕੰਮ ਵਾਲੇ ਦਿਨ ਗੱਡੀ ਵਿੱਚ ਕੋਈ ਖਰਾਬੀ ਜਾਂ ਗੱਡੀ ਸਰਵਿਸਿੰਗ ਲਈ ਗਈ ਹੋਵੇ ਤਾਂ ਠੇਕੇਦਾਰ/ ਸਰਵਿਸ ਦੇਣ ਵਾਲੇ ਵੱਲੋਂ ਦੂਜੀ ਗੱਡੀ ਮੁੱਹਈਆ ਕਰਵਾਈ ਜਾਵੇਗੀ।

19. ਸਬੰਧਤ ਅਫਸਰ/ ਅਧਿਕਾਰੀ ਵੱਲੋਂ ਮੰਗ ਕੀਤੇ ਜਾਣ ਤੇ ਮਿੱਥੇ ਸਮੇਂ ਦੌਰਾਨ ਗੱਡੀ ਨਾਂ ਭੇਜਣ ਤੇ ਜਾਂ ਗੱਡੀ ਭੇਜਣ ਵਿੱਚ ਕਿਸੇ ਕਿਸਮ ਦੀ ਦੇਰੀ ਦੀ ਸੂਰਤ ਵਿੱਚ ਕੀਤੀ ਜਾਣ ਵਾਲੀ ਅਣਗਹਿਲੀ ਲਈ ਜੁਰਮਾਨੇ ਵੱਜੋਂ ਪ੍ਰਤੀ ਅਣਗਹਿਲੀ ਲਈ 1000/- ਰੁਪਏ ਪ੍ਰਤੀ ਦਿਨ ਦੀ ਵਸੂਲੀ ਠੇਕੇਦਾਰ/ ਸਰਵਿਸ ਦੇਣ ਵਾਲੇ ਤੋਂ ਕੀਤੀ ਜਾਵੇਗੀ।

20. ਠੇਕੇਦਾਰ/ ਸਰਵਿਸ ਦੇਣ ਵਾਲਾ ਡਰਾਈਵਰ ਨੂੰ ਵਧੀਆ ਸੰਚਾਰ ਕੰਪਨੀ ਦਾ ਮੋਬਾਇਲ ਕੁਨੈਕਸ਼ਨ ਅਤੇ ਚੰਗੀ ਹਾਲਤ ਦਾ ਮੋਬਾਈਲ ਫੋਨ ਮੁੱਹਈਆਂ ਕਰਵਾਏਗਾ।

21. ਠੇਕੇਦਾਰ/ ਸਰਵਿਸ ਦੇਣ ਵਾਲਾ ਗੱਡੀ ਸਬੰਧੀ ਲਾਗੀ ਲਾਗਬੁੱਕ ਮੇਨਟੇਨ ਕਰੇਗਾ।

22. ਸਾਰੀਆਂ ਜਰਨੀਆਂ ਜਿਵੇਂ ਕਿ ਮਿਤੀ, ਜਗ੍ਹਾਂ (ਜਿੱਥੋਂ ਤੋਂ ਜਿੱਥੇ ਤੱਕ), ਪਹੁੰਚਣ/ ਆਉਣ-ਜਾਣ ਦਾ ਸਮਾਂ, ਸ਼ੁਰੂਆਤ/ ਖਤਮ ਕਿ.ਮੀ. ਰੀਡਿੰਗ ਸਮੇਤ ਚਲਾਏ ਗਏ ਕਿ.ਮੀ., ਮਕਸਦ (ਸਟੋਰ ਵਿੱਚੋਂ ਸਮਾਨ ਲਿਆਉਣ ਜਾਂ ਛੱਡ ਕੇ ਆਉਣ ਸਬੰਧੀ ਲੋੜੀਂਦੀ ਜਾਣਕਾਰੀ), ਸਫਰ ਕਰਨ ਵਾਲੇ ਅਧਿਕਾਰੀ/ ਅਫਸਰ ਦੇ ਦਸਤਖਤ (ਸਮੇਤ ਅਹੁਦਾ) ਆਦਿ ਸਬੰਧੀ ਇੰਦਰਾਜ ਲਾਗ ਬੁੱਕ ਵਿੱਚ ਹੋਣਾ ਚਾਹੀਦਾ ਹੈ।

23. ਲਾਗ ਬੁੱਕ ਮੁਤਾਬਿਕ ਮਹੀਨਾਵਾਰ ਅਦਾਇਗੀ ਚੈੱਕ ਰਾਹੀ ਕੀਤੀ ਜਾਵੇਗੀ ਜੋ ਕਿ ਸਫਰ ਕਰਨ ਵਾਲੇ ਅਧਿਕਾਰੀ/ ਅਫਸਰ ਵੱਲੋਂ ਤਸਦੀਕ ਕੀਤੀ ਹੋਵੇਗੀ ਅਤੇ ਕਿਸੇ ਕਿਸਮ ਦੀ ਐਂਡਵਾਂਸ ਅਦਾਇਗੀ ਕਾਰਪੋਰੇਸ਼ਨ ਵੱਲੋਂ ਨਹੀਂ ਕੀਤੀ ਜਾਵੇਗੀ।

24. ਜੀ.ਐਸ.ਟੀ (ਪੀ.ਐਸ.ਪੀ.ਸੀ.ਐਲ ਵੱਲੋਂ ਜਾਰੀ ਜੀ.ਐਸ.ਟੀ ਸਰਕੂਲਰ ਨੰ: 01/2020 ਮਿਤੀ 10.06.2020 ਅਤੇ ਸਮੇਂ-ਸਮੇਂ ਸਿਰ ਭਾਰਤ ਸਰਕਾਰ/ਪੰਜਾਬ ਸਰਕਾਰ/ਪੀ.ਐਸ.ਪੀ.ਸੀ.ਐਲ ਵੱਲੋਂ ਜਾਰੀ ਰੇਟਾਂ ਅਤੇ ਹਦਾਇਤਾਂ ਦੇ ਹਿਸਾਬ ਨਾਲ) ਠੇਕੇਦਾਰ/ ਸਰਵਿਸ ਦੇਣ ਵਾਲੇ ਜਾਂ ਕਾਰਪੋਰੇਸ਼ਨ ਵੱਲੋਂ ਭਰਿਆ ਜਾਵੇਗਾ।

25. ਜੇਕਰ ਕੰਟਰੈਕਟ ਦੇ ਸਬੰਧ ਵਿੱਚ ਠੇਕੇਦਾਰ/ ਸਰਵਿਸ ਦੇਣ ਵਾਲੇ ਅਤੇ ਕਾਰਪੋਰੇਸ਼ਨ ਵਿਚਕਾਰ ਕੋਈ ਕਿਸੇ ਵੀ ਕਿਸਮ ਦਾ ਝਗੜਾ, ਅੰਤਰ ਆਦਿ ਪਾਇਆ ਜਾਂਦਾ ਹੈ ਤਾਂ ਉਹ ਵਰਕ ਰੈਗੂਲੇਸ਼ਨ 1997 ਵਿੱਚ ਸਮੇਂ-ਸਮੇਂ ਨਾਲ ਹੋਈਆਂ ਸੋਧਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਰਬਿਟਰੇਸ਼ਨ ਕਲਾਜ ਮੁਤਾਬਿਕ ਆਰਬਿਟਰੇਸ਼ਨ ਲਈ ਜਾ ਸਕਦਾ ਹੈ।

26. ਕਿਸੇ ਵੀ ਝਗੜਾ ਜਾਂ ਮਤਭੇਦ ਦੀ ਸੂਰਤ ਵਿਚ ਸਾਰੀ ਲੀਗਲ ਜੁਰੀਸਡਿਕਸ਼ਨ ਪੱਟੀ ਕੋਰਟ ਵਿਖੇ ਹੀ ਹੋਵੇਗੀ।

Scanned with CamScanner

27. ਗੱਡੀ ਦੀ ਵਰਤੋਂ ਹਾਲਤਾਂ ਅਨੁਸਾਰ ਪੀ.ਐਸ.ਪੀ.ਸੀ.ਐਲ ਦੇ ਸਾਰੇ ਤਰਾਂ ਦੇ ਕੰਮ ਜਿਵੇ ਕਿ ਰੁਟੀਨ ਦੇ ਕੰਮ, ਮਟੀਰੀਅਲ, ਸਾਜੋ ਸਮਾਨ ਦੀ ਢੋਆ-ਢੁਆਈ (ਜਿਵੇਂ ਕਿ ਟਰਾਂਸਫਾਰਮਰ, ਬ੍ਰੇਕਰ, ਸੀ.ਟੀ/ਪੀ.ਟੀ ਆਦਿ) ਲਈ ਅਤੇ ਹੋਰ ਜਰੂਰੀ ਕੰਮਾਂ ਲਈ ਕੀਤੀ ਜਾਵੇਗੀ। ਗੱਡੀ ਵਿੱਚ ਪੋਰਟੇਬਲ ਪੋੜੀ ਦੀ ਵਿਵਸਥਾ ਹੋਣੀ ਜਰੂਰੀ ਹੈ।

**ਅ) ਜਮਾਨਤੀ ਰਕਮ:-**

ਜਮਾਨਤੀ/ਪੇਸ਼ਗੀ ਰਕਮ (E.M.D.) 5000/- ਰੁਪਏ ਨਕਦ/ ਡਿਮਾਂਡ ਡਰਾਫਟ ਪੀ.ਐਸ.ਪੀ.ਸੀ.ਐਲ. ਦੇ ਨਾਂ ਤੇ ਭਰੀ ਜਾਵੇਗੀ। ਬਿਨਾਂ ਜਮਾਨਤੀ ਰਕਮ ਕੁਟੇਸ਼ਨਾਂ ਨਹੀਂ ਲਈਆਂ ਜਾਣਗੀਆਂ। ਜਿਸ ਠੇਕੇਦਾਰ ਨੂੰ ਠੇਕਾ ਮਿਲੇਗਾ ਉਸ ਦੀ ਜਮਾਨਤੀ ਰਕਮ ਠੇਕਾ ਪੂਰਾ ਹੋਣ ਤੇ ਤਿੰਨ ਮਹੀਨਿਆਂ ਬਾਅਦ ਵਾਪਿਸ ਕੀਤੀ ਜਾਵੇਗੀ ਅਤੇ ਬਾਕੀ ਠੇਕੇਦਾਰ (ਜਿਹਨ੍ਹਾਂ ਨੂੰ ਠੇਕਾ ਨਹੀਂ ਮਿਲਿਆ) ਦੀ ਜਮਾਨਤੀ ਰਕਮ ਠੇਕਾ ਮਿਲਣ ਦੀ ਮਿਤੀ ਤੋ ਦੋ ਮਹੀਨੇ ਦੇ ਅੰਦਰ ਅੰਦਰ ਵਾਪਿਸ ਕੀਤੀ ਜਾਵੇਗੀ। ਕਿਸੇ ਵੀ ਹਾਲਤ ਵਿੱਚ ਕਾਰਪੋਰੇਸ਼ਨ ਵਲੋਂ ਜਮਾਨਤੀ ਰਕਮ ਤੇ ਵਿਆਜ ਨਹੀਂ ਦਿੱਤਾ ਜਾਵੇਗਾ।

**ੲ) ਕੁਟੇਸ਼ਨ ਦੇਣ ਸਮੇਂ ਜਨਰਲ ਸਰਤਾਂ :-**

1) ਨਿਮਨ ਹਸਤਾਖਰ ਕਰਤਾ ਕਿਸੇ ਵੀ ਟੈਂਡਰ ਨੂੰ ਜਾਂ ਸਾਰੇ ਹੀ ਟੈਂਡਰ ਨੂੰ ਬਿਨਾਂ ਕਾਰਨ ਦੱਸੇ ਰੱਦ ਕਰ ਸਕਦਾ ਹੈ।

2) ਟੈਲੀਗ੍ਰਾਫ/ਫੈਕਸ ਰਾਹੀ/ ਕੰਡੀਸ਼ਨਲ ਕੁਟੇਸ਼ਨਾਂ ਪ੍ਰਾਪਤ/ਮੰਨਜ਼ੂਰ ਨਹੀਂ ਕੀਤੀਆਂ ਜਾਣਗੀਆਂ।

3) ਬਿਨ੍ਹਾਂ ਜਮਾਨਤੀ ਰਕਮ (EMD) ਤੋਂ ਕੁਟੇਸ਼ਨਾਂ ਪ੍ਰਾਪਤ/ਮੰਨਜ਼ੂਰ ਨਹੀਂ ਕੀਤੀਆਂ ਜਾਣਗੀਆਂ।

4) ਜੇਕਰ ਠੇਕੇਦਾਰ ਆਪਣੀ ਗੱਡੀ ਹਟਾਉਣਾ ਚਾਹੁੰਦਾ ਹੈ ਜਾਂ ਠੇਕਾ ਖਤਮ ਕਰਨਾ ਚਾਹੁੰਦਾ ਹੈ ਤਾਂ ਠੇਕੇਦਾਰ ਵਲੋ 75 ਦਿਨਾਂ ਪਹਿਲਾਂ ਨੋਟਿਸ ਦੇਣਾ ਪਵੇਗਾ। ਨੋਟਿਸ ਨਾ ਦੇਣ ਦੀ ਸੂਰਤ ਵਿੱਚ 75 ਦਿਨਾਂ ਦੀ ਰਕਮ ਠੇਕੇਦਾਰ ਦੇ ਬਿਲਾਂ/ਸਕਿਊਰਟੀ ਵਿਚੋ ਮੁਆਵਜੇ ਦੇ ਤੌਰ ਤੇ ਕੱਟ ਲਈ ਜਾਵੇਗੀ।

5) ਟੈਂਡਰ ਵਾਲੇ ਲਿਫਾਫੇ ਤੇ ਟੈਂਡਰ ਦਾ ਨਾਮ ਅਤੇ ਟੈਂਡਰ ਖੋਲਣ ਦੀ ਮਿਤੀ ਲਿਖਣਾ ਲਾਜਮੀ ਹੈ।

6) ਜੇਕਰ ਟੈਂਡਰ ਖੋਲਣ ਵਾਲੇ ਦਿਨ ਕੋਈ ਸਰਕਾਰੀ ਛੁੱਟੀ ਹੋ ਜਾਂਦੀ ਹੈ ਤਾਂ ਟੈਂਡਰ ਅਗਲੇ ਕੰਮ ਕਾਜੀ ਵਾਲੇ ਦਿਨ ਉਸੇ ਸਮੇਂ ਖੋਲਿਆ ਜਾਵੇਗਾ।

7) ਠੇਕੇਦਾਰ ਵਲੋ ਆਪਣੇ ਹੱਥ ਨਾਲ ਕੁਟੇਸ਼ਨਾਂ ਵਿੱਚ ਰੇਟ ਸਿਆਹੀ ਵਾਲੇ ਪੈਨ ਨਾਲ ਲਿਖੇ ਜਾਣ।

8) ਕੁਟੇਸ਼ਨਾਂ ਦੇ ਰੇਟਾਂ ਦੀ ਮਿਆਦ 120 ਦਿਨ ਤੱਕ ਰਹੇਗੀ।

ਸ) **ਗੱਡੀ ਨਾਲ ਸਬੰਧਤ ਬਿਲ ਦੀ ਮਹੀਨੇਵਾਰ ਅਦਾਇਗੀ ਨਾਲ ਸਬੰਧਤ ਸ਼ਰਤਾਂ:-**

1. ਬਿਲ ਵਿੱਚੋਂ ਨਿਯਮਾਂ ਅਨੁਸਾਰ ਆਮਦਨ ਕਰ ਕੱਟਿਆ ਜਾਵੇਗਾ। ਪੈਨ ਨੰਬਰ ਠੇਕੇਦਾਰ/ ਸਰਵਿਸ ਦੇਣ ਵਾਲੇ ਵੱਲੋਂ ਮੁਹੱਈਆਂ ਕਰਵਾਇਆ ਜਾਵੇਗਾ, ਪੈਨ ਨੰਬਰ ਨਾ ਮੁਹੱਈਆਂ ਕਰਵਾਉਣ ਦੀ ਸੂਰਤ ਵਿੱਚ ਆਮਦਨ ਕਰ ਵਿਭਾਗ ਦੀਆਂ ਹਦਾਇਤਾਂ ਮੁਤਾਬਿਕ ਕਟੌਤੀ ਕੀਤੀ ਜਾਵੇਗੀ।

2. ਹਰ ਇਕ ਚਾਲੂ ਬਿਲ ਵਿੱਚੋਂ 5% ਜਮਾਨਤੀ ਰਕਮ ਦੀ ਕਟੋਤੀ ਕੀਤੀ ਜਾਵੇਗੀ ਜੋ ਕਿ ਵਰਕ ਆਰਡਰ ਦਾ ਸਮਾਂ ਸਫਲਤਾ ਪੂਰਵਕ ਪੂਰੇ ਹੋਣ ਤੇ ਵਾਪਸ ਕਰ ਦਿੱਤੀ ਜਾਵੇਗੀ।

3. ਜੇਕਰ ਠੇਕੇਦਾਰ/ ਸਰਵਿਸ ਦੇਣ ਵਾਲੇ ਜੀ.ਐਸ.ਟੀ. ਅਧੀਨ ਰਜਿਸਟਰਡ ਹੋਵੇ ਤਾਂ ਹਰ ਮਹੀਨੇ ਦੇ ਬਿਲ ਵਿੱਚ ਆਪਣਾ ਜੀ.ਐਸ.ਟੀ. ਨੰਬਰ ਅਤੇ ਮਹਿਕਮੇ ਦਾ ਜੀ.ਐਸ.ਟੀ. ਨੰਬਰ ਦਰਸਾਇਆ ਜਾਵੇ ਤਾਂ ਜੋ ਠੇਕੇਦਾਰ ਅਤੇ ਕਾਰਪੋਰੇਸ਼ਨ ਵੱਲੋਂ ਸਮੇਂ-ਸਮੇ ਸਿਰ ਭਾਰਤ ਸਰਕਾਰ/ਪੰਜਾਬ ਸਰਕਾਰ ਵੱਲੋਂ ਜਾਰੀ ਰੇਟਾਂ ਮੁਤਾਬਿਕ ਜੀ.ਐਸ.ਟੀ. ਦੀ ਅਦਾਇਗੀ ਕੀਤੀ ਜਾ ਸਕੇ।

4. ਚੱਲੇ ਹੋਏ ਕਿਲੋਮੀਟਰ ਜਿਹੜੇ ਸਮਰੱਥ ਅਧਿਕਾਰੀ ਵੱਲੋਂ ਤਸਦੀਕ ਨਹੀਂ ਕੀਤੇ ਹੋਣਗੇ, ਉਹਨਾਂ ਦੀ ਅਦਾਇਗੀ ਨਹੀਂ ਕੀਤੀ ਜਾਵੇਗੀ।

**ਹ) ਹੋਰ ਸਰਤਾਂ**

1. ਠੇਕੇਦਾਰ/ ਸਰਵਿਸ ਦੇਣ ਵਾਲੇ ਵੱਲੋ 15 ਰੁਪੈ ਨਾਨ ਜੁਡੀਸ਼ੀਅਲ ਅਸਟਾਮ ਪੇਪਰ ਉਪਰ ਵਰਕ ਆਰਡਰ ਦੀਆਂ ਸਰਤਾਂ ਅਨੁਸਾਰ ਸਮਝੌਤਾ ਪੇਸ ਕੀਤਾ ਜਾਵੇਗਾ।

2. ਵਰਕ ਆਰਡਰ ਜਾਰੀ ਹੋਣ ਤੋ 7 ਦਿਨਾਂ ਬਾਅਦ ਗੱਡੀ ਮੁਹੱਈਆ ਕਰਾਉਣੀ ਯਕੀਨੀ ਬਣਾਈ ਜਾਵੇ। ਅਜਿਹਾ ਨਾ ਹੋਣ ਦੀ ਸੂਰਤ ਵਿਚ ਪੀ.ਐਸ.ਪੀ.ਸੀ.ਐਲ. ਦੀਆਂ ਹਦਾਇਤਾਂ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ।

ਨੱਥੀ : ਪ੍ਰੋਫਾਰਮੇ ਦਾ ਨਮੂਨਾ

Scanned with CamScanner

# ਪਰਾਈਸ ਬਿਡ ਪਰੋਫਾਰਮਾ (ਨਮੂਨਾ)

ਇੰਕੁਆਰੀ ਨੰ. 01/2021-22/Elect/ PSPCL/ **Addl.SE/DS Division, PSPCL , Patti** dated 11.05.2021

| ਲੜੀ ਨੰ: | ਕੰਮ ਦਾ ਵੇਰਵਾ | ਫਿਕਸ ਰੇਟ 2000 ਕਿ.ਮੀ. ਤੱਕ ਦੇ | ਪ੍ਰਤੀ ਕਿ.ਮੀ. ਰੇਟ, 2000 ਕਿ.ਮੀ. ਤੋ ਉਪਰ ਲਈ |
|---|---|---|---|
| 1. | ਸਹਾਇਕ ਕਾਰਜਕਾਰੀ ਇੰਜਨੀਅਰ ਵੰਡ ਉਪ ਮੰਡਲ ਸਬਅਰਬਨ ਪੱਟੀ ਦੇ ਦਫਤਰ ਲਈ ਆਊਟਸੋਰਸ ਰਾਹੀ ਕਿਰਾਏ ਤੇ ਲੈਣ ਲਈ 1 ਨੰ. Double Cabin Mahindra Genius/Bolero/Tata 207/408 or Equivalent Light Commercial . ਗੱਡੀ ਸਮੇਤ ਡਰਾਇਵਰ (ਰੈਂਟਲ ਡਰਾਇਵਰ), ਸਮੇਤ ਗੱਡੀ ਦੀ ਸਾਂਭ-ਸੰਭਾਲ ਦਾ ਖਰਚਾ ਤੁਹਾਡੇ ਵੱਲੋ ਅਦਾ ਕੀਤਾ ਜਾਵੇਗਾ। ਜੀ.ਐਸ.ਟੀ. (ਜੋ ਕਿ ਜੀ.ਐਸ.ਟੀ ਸਰਕੂਲਰ ਨੰ: 01/2020 ਮਿਤੀ 10.06.2020 ਅਤੇ ਸਮੇਂ-ਸਮੇਂ ਤੇ ਜਾਰੀ ਪੀ.ਐਸ.ਪੀ.ਸੀ.ਐਲ. ਦੀਆਂ ਹਦਾਇਤਾਂ ਅਨੁਸਾਰ ਦੇਣ ਯੋਗ ਹੋਵੇਗਾ), ਤੁਹਾਡੇ ਜਾ ਪੀ.ਐਸ.ਪੀ.ਸੀ.ਐਲ ਵੱਲੋਂ ਅਦਾ ਕੀਤਾ ਜਾਵੇਗਾ। ਹਰ ਮਹੀਨੇ ਪਹਿਲੇ 2000 ਕਿ.ਮੀ. ਜਰਨੀ ਦੇ ਫਿਕਸ ਰੇਟ ਅਤੇ ਉਸ ਤੋ ਜਿਆਦਾ ਕਿ.ਮੀ. ਹੋਣ ਤੇ ਪ੍ਰਤੀ ਕਿ.ਮੀ. ਦੇ ਹਿਸਾਬ ਨਾਲ ਰੇਟ ਦਿੱਤਾ ਜਾਵੇ। ਗੱਡੀ ਦਾ ਮਾਡਲ ਮਈ 2019 ਤੋਂ ਪੁਰਾਣਾ ਨਹੀ ਹੋਣਾ ਚਾਹੀਦਾ | ...............ਰੁਪੈ | ...................... |

**Authorised signature**
**with stamp of the company**

Scanned with CamScanner